ਅਧਿਆਇ 36

ਅੱਯੂਬ ਨੂੰ ਅਲੀਹੂ ਦੀ ਅਪੀਲ

(ਭਾਗ 1)

ਅਲੀਹੂ ਦੀ ਆਖ਼ਰੀ ਗੱਲਬਾਤ 36 ਅਤੇ 37 ਅਧਿਆਵਾਂ ਵਿਚ ਹੈ। ਇਸ ਵਿਚ ਪਰਮੇਸ਼ੁਰ ਬਾਰੇ ਉਸ ਦੇ ਬਚਾਅ ਦਾ ਜਾਰੀ ਰੱਖਣਾ (36:1-15), ਪਰਮੇਸ਼ੁਰ ਅੱਗੇ ਝੁਕਣ ਲਈ ਅੱਯੂਬ ਨੂੰ ਅਪੀਲ (36:16-23), ਪਰਮੇਸ਼ੁਰ ਦੇ ਕੰਮਾਂ ਨੂੰ ਪਛਾਣਨ ਦੀ ਅਪੀਲ (36:24-33), ਇਕ ਵਡਿਆਈ ਕਿ ਅਕਾਸ਼ ਪਰਮੇਸ਼ੁਰ ਦੀ ਮਹਿਮਾ ਦਾ ਵਰਣਨ ਕਰਦੇ ਹਨ (37:1-13), ਅੱਯੂਬ ਨੂੰ ਇਕ ਨਿੱਜੀ ਅਪੀਲ (37:14-20) ਅਤੇ ਪਰਮੇਸ਼ੁਰ ਦੇ ਭੈਦਾਇਕ ਤੇਜ ਦਾ ਇਕ ਵਰਣਨ (37:21-24) ਹੈ। “ਗੱਲਬਾਤ ਦਾ ਆਖ਼ਰੀ ਦੋ-ਤਿਹਾਈ ਅੱਯੂਬ ਅਤੇ ਸਾਨੂੰ ਵਾਵਰੋਲੇ ਵਿਚ ਪਰਮੇਸ਼ੁਰ ਦੇ ਪਰਕਾਸ਼ ਲਈ ਤਿਆਰ ਕਰਦਾ ਹੈ।”[1]

ਅਲੀਹੂ ਦਾ ਪਰਮੇਸ਼ੁਰ ਦੀ ਖ਼ਾਤਰ ਬੋਲਣਾ (36:1-15)

**1ਅਤੇ ਅਲੀਹੂ ਨੇ ਹੋਰ ਆਖਿਆ, 2ਮੇਰੇ ਲਈ ਜ਼ਰਾ ਠਹਿਰ ਅਤੇ ਮੈਂ ਤੈਨੂੰ ਦੱਸਾਂਗਾ,
ਭਈ ਪਰਮੇਸ਼ੁਰ ਲਈ ਹੋਰ ਗੱਲਾਂ ਵੀ ਹਨ। 3ਮੈਂ ਆਪਣਾ ਗਿਆਨ ਦੂਰੋਂ ਲਿਆਵਾਂਗਾ, ਅਤੇ
ਮੈਂ ਆਪਣੇ ਕਰਤਾਰ ਨੂੰ ਧਰਮੀ ਠਹਿਰਾਵਾਂਗਾ, 4ਕਿਉਂ ਜੋ ਸੱਚ ਮੁੱਚ ਮੇਰੀਆਂ ਗੱਲਾਂ ਝੂਠੀਆਂ
ਨਹੀਂ ਹਨ, ਸੰਪੂਰਨ ਗਿਆਨੀ ਤੇਰੇ ਨਾਲ ਹੈਗਾ। 5ਵੇਖ, ਪਰਮੇਸ਼ੁਰ ਮਹਾਨ ਹੈ ਅਤੇ ਕਿਸੇ
ਨੂੰ ਤੁੱਛ ਨਹੀਂ ਜਾਣਦਾ, ਉਹ ਬਲ ਤੇ ਬੁੱਧੀ ਵਿੱਚ ਮਹਾਨ ਹੈ। 6ਉਹ ਦੁਸ਼ਟ ਨੂੰ ਜੀਉਂਦਾ ਨਹੀਂ
ਰੱਖਦਾ, ਪਰ ਉਹ ਮਸਕੀਨਾਂ ਨੂੰ ਉਨ੍ਹਾਂ ਦਾ ਹੱਕ ਦਿੰਦਾ ਹੈ। 7ਉਹ ਧਰਮੀ ਵੱਲੋਂ ਅੱਖ ਨਹੀਂ
ਫੇਰਦਾ, ਪਰ ਰਾਜਿਆਂ ਨਾਲ ਰਾਜ ਗੱਦੀ ਉੱਤੇ ਉਨ੍ਹਾਂ ਨੂੰ ਸਦਾ ਲਈ ਬਹਾਉਂਦਾ ਹੈ ਅਤੇ ਓਹ
ਉੱਚੇ ਕੀਤੇ ਜਾਂਦੇ ਹਨ। 8ਅਤੇ ਜੇ ਓਹ ਬੇੜੀਆਂ ਨਾਲ ਨਰੜੇ ਜਾਣ, ਅਤੇ ਮੁਸੀਬਤ ਦੀਆਂ
ਰੱਸੀਆਂ ਨਾਲ ਬੰਨ੍ਹੇ ਜਾਣ, 9ਤਾਂ ਉਹ ਉਨ੍ਹਾਂ ਨੂੰ ਉਨ੍ਹਾਂ ਦੀਆਂ ਕਰਤੂਤਾਂ ਦੱਸਦਾ ਹੈ, ਨਾਲੇ ਉਨ੍ਹਾਂ
ਦੇ ਅਪਰਾਧ ਭਈ ਓਹ ਘੁਮੰਡੀ ਹਨ। 10ਉਹ ਸਿਖਸ਼ਾ ਲਈ ਉਨ੍ਹਾਂ ਦੇ ਕੰਨ ਖੋਲ੍ਹਦਾ ਹੈ, ਅਤੇ
ਫ਼ਰਮਾਉਂਦਾ ਹੈ ਭਈ ਬੁਰਿਆਈ ਤੋਂ ਮੁੜੋ। 11ਜੇ ਓਹ ਸੁਣ ਲੈਣ ਅਤੇ ਉਹ ਦੀ ਸੇਵਾ ਕਰਨ,
ਤਾਂ ਓਹ ਆਪਣੇ ਦਿਨ ਭਲਿਆਈ ਵਿੱਚ ਪੂਰੇ ਕਰਨਗੇ, ਅਤੇ ਆਪਣੇ ਵਰ੍ਹੇ ਖੁਸ਼ਹਾਲੀ ਵਿੱਚ।
12ਅਤੇ ਜੇ ਓਹ ਨਾ ਸੁਣਨ, ਤਾਂ ਓਹ ਤਲਵਾਰ ਨਾਲ ਨਾਸ਼ ਹੋਣਗੇ, ਅਤੇ ਗਿਆਨ ਤੋਂ ਬਿਨਾ
ਮਰਨਗੇ। 13ਪਰ ਦਿਲ ਦੇ ਨਾਸਤਕ ਕ੍ਰੋਧ ਰੱਖ ਛੱਡਦੇ ਹਨ, ਓਹ ਦੁਹਾਈ ਨਹੀਂ ਦਿੰਦੇ ਜਦ
ਉਹ ਉਨ੍ਹਾਂ ਨੂੰ ਨਰੜਦਾ ਹੈ। 14ਓਹ ਜੁਆਨੀ ਵਿੱਚ ਜਾਨ ਛੱਡ ਜਾਂਦੇ ਹਨ, ਅਤੇ ਮੁੰਡੇ ਬਾਜ਼ਾਂ
ਵਿੱਚ ਉਨ੍ਹਾਂ ਦਾ ਜੀਵਨ ਮੁੱਕ ਜਾਂਦਾ ਹੈ। 15ਉਹ ਦੁਖਿਆਰੇ ਨੂੰ ਉਹ ਦੇ ਦੁਖ ਦੇ ਵਸੀਲੇ
ਛੁਡਾਉਂਦਾ ਹੈ, ਅਤੇ ਉਨ੍ਹਾਂ ਦੇ ਕੰਨ ਜ਼ੁਲਮ ਦੇ ਵਸੀਲੇ ਖੋਲ੍ਹ ਦਿੰਦਾ ਹੈ।**

ਫ੍ਰਾਂਸਿਸ ਆਈ. ਐਂਡਰਸਨ ਨੇ ਕਿਹਾ ਕਿ ਇਹ ਪਹਿਲਾ ਪੈਰ੍ਹਾ “ਪੁਸਤਕ ਵਿਚ ਕਿਤੇ ਵੀ

ਪਾਏ ਗਏ ਕਿਸੇ ਵੀ ਚੀਜ਼ ਦੀ ਤੁਲਨਾ ਵਿਚ ਰੂੜ੍ਹੀਵਾਦੀ ਧਰਮ ਸਿੱਖਿਆ ਦਾ ਵਧੇਰੇ ਪਰਿਪੱਕ ਅਤੇ ਆਕਰਸ਼ਕ ਕਥਨ ਹੈ।"[2] ਅਲੀਹੂ ਇਸ ਅੰਤਿਮ ਕਥਨ ਵਿਚ ਉੱਨਾ ਕਠੋਰ ਨਹੀਂ ਜਾਪਦਾ ਜਿੰਨਾ ਉਹ ਪਹਿਲਾਂ ਸੀ। ਅਲੀਹੂ ਇਸ ਅੰਤਿਮ ਭਾਸ਼ਣ ਵਿਚ ਉੱਨੇ ਕਠੋਰ ਨਹੀਂ ਜਾਪਦਾ ਜਿੰਨਾ ਉਹ ਪਹਿਲਾਂ ਸੀ।

ਆਇਤਾਂ 1, 2. ਮੇਰੇ ਲਈ ਜ਼ਰਾ ਠਹਿਰ ਦਾ ਅਰਥ ਹੈ ਕਿ ਪੂਰੀ ਵਿਆਖਿਆ ਦੀ ਉਮੀਦ ਹੈ। **ਮੈਂ ਤੈਨੂੰ ਦੱਸਾਂਗਾ** ਕਿ ਅਲੀਹੂ ਦੁਆਰਾ ਪੇਸ਼ ਕੀਤੇ ਗਏ ਗਵਾਹਾਂ ਨੂੰ ਵੇਖੋ ਜੋ ਅੱਯੂਬ ਨੂੰ ਸਿਖਾਉਣਗੇ ਜਾਂ ਮਨਾਉਣਗੇ।

ਆਇਤ 3. ਦੂਰੋਂ "ਦੂਰ ਸਥਾਨ ਜਿੱਥੇ ਪਰਮੇਸ਼ੁਰ ਵੱਸਦਾ ਹੈ ਵੱਲ ਇਸ਼ਾਰਾ ਕਰਦਾ ਹੈ। ਕਿਸੇ ਦੀ ਬੁੱਧੀ ਦਾ ਸ੍ਰੋਤ ਇਸ ਦੀ ਯੋਗਤਾ ਨੂੰ ਯਕੀਨੀ ਬਣਾਉਂਦਾ ਹੈ।"[3] ਸ਼ਬਦ **ਧਰਮੀ** (קֶדֶק, *ਟਸੀਡਿਕ)* "ਇਕ ਵਿਆਪਕ ਸ਼ਬਦ ਹੈ ਜਿਸ ਵਿਚ 'ਸਹੀ/ਧਾਰਮਿਕਤਾ/ਸੱਚਾਈ' ਦੇ ਨਾਲ ਨਾਲ 'ਨਿਆਂ' ਵੀ ਸ਼ਾਮਲ ਹੁੰਦੇ ਹਨ।"[4]

ਆਇਤ 4. ਕਿਉਂ ਜੋ ਸੱਚ ਮੁੱਚ ਮੇਰੀਆਂ ਗੱਲਾਂ ਝੂਠੀਆਂ ਨਹੀਂ ਹਨ, ਸੰਪੂਰਨ ਗਿਆਨੀ ਤੇਰੇ ਨਾਲ ਹੈਗਾ। ਕੀ ਸੰਭਾਵਨਾ! ਅਲੀਹੂ ਨਿਸ਼ਚਤ ਤੌਰ ਤੇ ਆਪਣੇ ਖੁਦ ਦੇ ਗਿਆਨ ਨੂੰ ਪ੍ਰਮਾਣਿਤ ਕਰਨ ਵਿਚ ਬਹੁਤ ਹੀ ਕਾਹਲਾ ਸੀ। ਅਗਲੇ ਅਧਿਆਇ ਵਿਚ, ਉਸ ਨੇ ਕਿਹਾ ਕਿ ਸਿਰਜਣਹਾਰ "ਗਿਆਨ ਵਿੱਚ ਸੰਪੂਰਨ" ਹੈ (37:16)। ਅਲੀਹੂ ਨੇ ਅਜਿਹਾ ਬਹੁਤ ਕੁਝ ਦੁਹਰਾਇਆ ਜੋ ਉਸ ਨੇ ਅਤੇ ਉਸ ਦੇ ਮਿੱਤਰਾਂ ਨੇ ਪਰਮੇਸ਼ੁਰ ਦੇ ਦੁਸ਼ਟ ਲੋਕਾਂ ਕੋਲੋਂ ਬਦਲਾ ਲੈਣ ਅਤੇ ਧਰਮੀਆਂ ਦੀ ਸਹਾਇਤਾ ਕਰਨ ਦੇ ਵਿਸ਼ੇ ਵਿਚ ਕਿਹਾ ਸੀ। ਐਲਡਨ ਨੇ ਟਿੱਪਣੀ ਕੀਤੀ, "ਜੇਕਰ ਇਹ 'ਭਈ ਪਰਮੇਸ਼ੁਰ ਲਈ ਹੋਰ ਗੱਲਾਂ ਵੀ ਹਨ' ਹੈ (ਆਇਤ 2), ਤਾਂ ਇਹ ਨਿਰਾਸ਼ਾਜਨਕ ਹੈ ਕਿਉਂਕਿ ਅਸਲ ਵਿੱਚ ਅਲੀਹੂ ਨੇ ਜ਼ਰੂਰੀ ਤੌਰ ਤੇ ਬਦਲਾ ਲੈਣ ਦੀ ਪੁਰਾਣੀ ਧਰਮ ਸਿੱਖਿਆ ਨੂੰ ਦੁਹਰਾਇਆ ਕਿ ਪਰਮੇਸ਼ੁਰ ਦੁਸ਼ਟ ਨੂੰ ਮਾਰੇਗਾ ਅਤੇ ਧਰਮੀ ਨੂੰ ਸੰਭਾਲੇਗਾ।"[5]

ਆਇਤ 5. ਅੱਗੇ ਅਲੀਹੂ ਨੇ ਪਰਮੇਸ਼ੁਰ ਵਿਚ ਪਾਈ ਜਾਣ ਵਾਲੀ ਸ਼ਕਤੀ ਅਤੇ ਬੁੱਧੀ ਤੇ ਜ਼ੋਰ ਦਿੱਤਾ। ਉਹ ਆਪਣੇ ਸਾਰੇ ਨਿਆਵਾਂ ਵਿਚ ਧਰਮੀ ਹੈ; ਉਹ ਕਿਸੇ ਦਾ ਪੱਖਪਾਤ ਨਹੀਂ ਕਰਦਾ ਜਾਂ ਪੱਖ ਨਹੀਂ ਲੈਂਦਾ।

ਆਇਤ 6. ਅਲੀਹੂ ਨੇ ਅੱਯੂਬ ਦੀ ਦਲੀਲ ਨੂੰ ਰੱਦ ਕਰ ਦਿੱਤਾ ਕਿ **ਦੁਸ਼ਟ** ਜੀਉਂਦੇ ਰਹਿੰਦੇ ਅਤੇ ਖੁਸ਼ਹਾਲ ਹੁੰਦੇ ਹਨ। ਪਰ, ਅੱਯੂਬ ਨੇ ਕਿਤੇ ਵੀ ਇਹ ਨਹੀਂ ਕਿਹਾ ਕਿ ਦੁਸ਼ਟ ਲੋਕ ਪ੍ਰਭੂ ਦੀ ਵਿਸ਼ੇਸ਼ ਸੁਰੱਖਿਆ ਦਾ ਅਨੰਦ ਲੈਂਦੇ ਹਨ। ਉਸ ਨੇ ਕਿਹਾ ਕਿ ਉਨ੍ਹਾਂ ਵਿੱਚੋਂ ਕੁਝ ਸਧਾਰਣ ਖੁਸ਼ਹਾਲ ਜੀਵਨ ਜੀਉਂਦੇ ਹਨ (21:7-15)। ਅੱਯੂਬ ਨੇ ਇਹ ਸੰਕੇਤ ਨਹੀਂ ਦਿੱਤਾ ਕਿ ਸਾਰੇ **ਮਸਕੀਨ** ਨੂੰ ਉਸ ਦੇ **ਹੱਕ** ਤੋਂ ਵਾਂਝੇ ਸਨ। ਗੱਲ ਇਹ ਹੈ ਕਿ ਆਮ ਤੌਰ ਤੇ ਵੱਧ ਤੋਂ ਵੱਧ ਅਪਵਾਦ ਨੂੰ ਸੰਪੂਰਣ ਬਿਆਨ ਨਹੀਂ ਸਮਝਣਾ ਚਾਹੀਦਾ।

ਆਇਤ 7. ਉਹ ਧਰਮੀ ਵੱਲੋਂ ਅੱਖ ਨਹੀਂ ਫੇਰਦਾ, ਪਰ ਰਾਜਿਆਂ ਨਾਲ ਰਾਜ ਗੱਦੀ ਉੱਤੇ ਉਨ੍ਹਾਂ ਨੂੰ ਸਦਾ ਲਈ ਬਹਾਉਂਦਾ ਹੈ ਅਤੇ ਓਹ ਉੱਚੇ ਕੀਤੇ ਜਾਂਦੇ ਹਨ। "ਧਰਮੀ" ਉਨ੍ਹਾਂ ਲੋਕਾਂ ਨੂੰ ਦਰਸਾਉਂਦਾ ਹੈ ਜੋ ਪਰਮੇਸ਼ੁਰ ਦੇ ਪ੍ਰਤੀ ਵਫ਼ਾਦਾਰ ਹਨ, ਜੋ ਉਸ ਤੇ ਭਰੋਸਾ ਕਰਦੇ ਹਨ। ਅਲੀਹੂ ਸ਼ਾਇਦ "ਮਨ ਦੇ ਗਰੀਬ" ਦੀ ਉੱਨਤੀ ਦੇ ਵਿਸ਼ੇ ਵਿਚ ਸੋਚ ਰਿਹਾ ਹੋਵੇਗਾ, ਇਕ ਵਿਸ਼ਾ ਜੋ ਜ਼ਬੂਰਾਂ ਦੀ ਪੋਥੀ ਵਿੱਚ ਦਿੱਤਾ ਗਿਆ ਹੈ: "ਮੈਂ ਜੁਆਨ ਸਾਂ ਅਤੇ ਹੁਣ ਬੁੱਢਾ ਹੋ ਗਿਆ ਹਾਂ, ਪਰ ਮੈਂ ਨਾ ਧਰਮੀ ਨੂੰ ਤਿਆਗਿਆ ਹੋਇਆ, ਨਾ ਉਸ ਦੀ ਅੰਸ ਨੂੰ ਟੁਕੜੇ ਮੰਗਦਿਆਂ ਡਿੱਠਾ ਹੈ" (ਜ਼ਬੂਰ 37:25); "ਜਿਹੜਾ ਗਰੀਬ ਨੂੰ ਖਾਕ ਵਿੱਚੋਂ ਚੁੱਕਦਾ ਅਤੇ ਕੰਗਾਲ ਨੂੰ ਰੂੜੀ

ਤੋਂ ਉਠਾਉਂਦਾ ਹੈ, ਭਈ ਉਹ ਨੂੰ ਪਤਵੰਤਾਂ ਵਿੱਚ, ਸਗੋਂ ਉਹ ਦੇ ਆਪਣੇ ਲੋਕਾਂ ਦੇ ਪਤਵੰਤਾਂ ਵਿੱਚ ਬਿਠਾਵੇ।" (ਜ਼ਬੂਰ 113:7, 8)। ਯੂਸੁਫ਼ ਦੀ ਕਹਾਣੀ ਅਜਿਹੇ ਉੱਚੇ ਹੋਣ ਦੀ ਇਕ ਹੋਰ ਉਦਾਹਰਣ ਨੂੰ ਪੇਸ਼ ਕਰਦੀ ਹੈ (ਉਤਪਤ 37-41)।

ਆਇਤਾਂ 8-10. ਆਇਤ 8 ਤੋਂ 12 ਵਿਚ, ਅਲੀਹੂ ਨੇ ਤਿੰਨ ਸ਼ਰਤੀਆਂ ਵਾਕਾਂ (36:8-10, 11, 12) ਦੀ ਇਕ ਲੜੀ ਦੀ ਵਰਤੋਂ ਕਰਦਿਆਂ ਧਰਮੀ ਪੀੜਿਤਾਂ ਦੀ ਸਮੱਸਿਆ ਨੂੰ ਸੰਬੋਧਤ ਕੀਤਾ ਹੈ। **ਅਤੇ ਜੇ ਓਹ ਬੇੜੀਆਂ ਨਾਲ ਨਰੜੇ ਜਾਣ, ਅਤੇ ਮੁਸੀਬਤ ਦੀਆਂ ਰੱਸੀਆਂ ਨਾਲ ਬੰਨ੍ਹੇ ਜਾਣ।** ਧਰਮੀਆਂ ਦਾ "ਦੁੱਖ" ਉਨ੍ਹਾਂ ਦੇ ਅਨੁਸ਼ਾਸਨ ਦੇ ਲਈ ਹੈ ਜਾਂ ਉਨ੍ਹਾਂ ਨੂੰ ਪਾਪ ਦੇ ਕਾਰਨ ਸਜ਼ਾ ਦੇਣ ਦੇ ਲਈ ਹੁੰਦਾ ਹੈ। "ਬੇੜੀਆਂ" ਅਤੇ "ਰੱਸੀਆਂ" ਅੱਯੂਬ ਦੇ ਕਥਨ ਦੀ ਯਾਦ ਦਿਵਾਉਂਦੀਆਂ ਹਨ ਹਨ ਕਿ ਪਰਮੇਸ਼ੁਰ "[ਉਸ ਦੇ] ਪੈਰਾਂ ਨੂੰ ਕਾਠ ਵਿੱਚ ਠੋਕਦਾ ਹੈ" (13:27)। ਬੇਸ਼ੱਕ, ਅੱਯੂਬ ਨੇ ਆਪਣੇ ਦੁੱਖ ਨੂੰ ਪਾਪ ਦੇ ਨਾਲ ਨਹੀਂ ਜੋੜਿਆ।

ਤਾਂ ਉਹ ਉਨ੍ਹਾਂ ਨੂੰ ਉਨ੍ਹਾਂ ਦੀਆਂ ਕਰਤੂਤਾਂ ਦੱਸਦਾ ਹੈ, ਨਾਲੇ ਉਨ੍ਹਾਂ ਦੇ ਅਪਰਾਧ ਭਈ ਓਹ ਘੁਮੰਡੀ ਹਨ। ਪਰਮੇਸ਼ੁਰ ਨੇ ਦੁਖੀਆਂ ਤੇ "ਉਨ੍ਹਾਂ ਦੇ ਅਪਰਾਧ" ਪਰਗਟ ਕੀਤੇ ਤਾਂ ਕਿ ਉਨ੍ਹਾਂ ਨੂੰ ਬਦਲਣ ਦਾ ਮੌਕਾ ਮਿਲੇ। "ਘੁਮੰਡੀ" (גָּבַר, *ਗਬਰ)* ਹੋਣਾ "ਹੰਕਾਰ ਨਾਲ ਵਿਹਾਰ ਕਰਨਾ" (ਵੇਖੋ NRSV)। 15:25 ਵਿਚ ਵੀ ਕਿਰਿਆ ਪਰਗਟ ਹੁੰਦੀ ਹੈ: "ਕਿਉਂ ਜੋ ਉਹ ਨੇ ਆਪਣਾ ਹੱਥ ਪਰਮੇਸ਼ੁਰ ਦੇ ਵਿਰੁੱਧ ਚੁੱਕਿਆ ਹੈ, ਅਤੇ ਸਰਬ ਸ਼ਕਤੀਮਾਨ ਦੇ ਵਿਰੁੱਧ *ਨਾਸਾਂ ਚੁੱਕਦਾ ਹੈ"* (ਜ਼ੋਰ ਦਿੱਤਾ ਗਿਆ ਹੈ)।

"ਉਹ ਸਿਖਸ਼ਾ ਲਈ ਉਨ੍ਹਾਂ ਦੇ ਕੰਨ ਖੋਲ੍ਹਦਾ ਹੈ, ਅਤੇ ਫ਼ਰਮਾਉਂਦਾ ਹੈ ਭਈ ਬੁਰਿਆਈ ਤੋਂ ਮੁੜੋ।" ਸ਼ਬਦ "ਸ਼ਿਕਸਾ" (מוּסָר, *ਮੁਸਰ)* ਦਾ ਅਨੁਵਾਦ ਕਿਸੇ ਹੋਰ ਸਥਾਨ ਤੇ "ਅਨੁਸ਼ਾਸਨ" ਅਤੇ "ਫਿਟਕਾਰ" ਕੀਤਾ ਗਿਆ ਹੈ। (5:17; 20:3 ਤੇ ਟਿੱਪਣੀਆਂ ਵੇਖੋ)। ਸ਼ਬਦ "ਮੁੜੋ" (שׁוּב, *ਸੁਬ)* ਪੁਰਾਣੇ ਨੇਮ ਵਿਚ ਅਕਸਰ "ਪਸ਼ਚਾਤਾਪ" ਦੇ ਲਈ ਵਰਤਿਆ ਗਿਆ ਹੈ (ਯਿਰਮਿਯਾਹ 5:3; 8:4; ਹਿਜ਼ਕੀਏਲ 14:6; 18:32)।

ਆਇਤ 11. ਜੇ ਓਹ ਸੁਣ ਲੈਣ ਅਤੇ ਉਹ ਦੀ ਸੇਵਾ ਕਰਨ, ਤਾਂ ਓਹ ਆਪਣੇ ਦਿਨ ਭਲਿਆਈ ਵਿੱਚ ਪੂਰੇ ਕਰਨਗੇ, ਅਤੇ ਆਪਣੇ ਵਰ੍ਹੇ ਖ਼ੁਸ਼ਹਾਲੀ ਵਿੱਚ। ਇਹ ਦੂਸਰਾ ਸ਼ਰਤੀਆ ਵਾਕ ਪੀੜਿਤ ਵਿਅਕਤੀ ਨੂੰ ਪਸ਼ਚਾਤਾਪ ਵਿਚ ਪਰਮੇਸ਼ੁਰ ਦੇ ਅਨੁਸ਼ਾਸਨ ਨੂੰ ਸਵੀਕਾਰ ਕਰਨ ਅਤੇ ਇਸ ਦੇ ਲਈ ਬਹੁਤ ਹੀ ਜ਼ਿਆਦਾ ਮੁਬਾਰਕ ਹੋਣ ਦੇ ਰੂਪ ਵਿਚ ਦਰਸਾਉਂਦਾ ਹੈ। ਜਦ ਕਿ ਇਹ ਸੱਚ ਦਾ ਇਕ ਸਧਾਰਣ ਵਾਕ ਹੈ, ਪਰ ਇਹ ਅੱਯੂਬ ਦੇ ਮਾਮਲੇ ਵਿਚ ਫਿਟ ਨਹੀਂ ਹੁੰਦਾ ਹੈ। ਉਹ ਅਲੀਹੂ ਅਤੇ ਉਸ ਦੇ ਮਿੱਤਰਾਂ ਦੁਆਰਾ ਦਰਸਾਇਆ ਗਿਆ ਅਪਛਚਾਤਾਪੀ ਪਾਪੀ ਨਹੀਂ ਸੀ।

ਆਇਤ 12. ਅਤੇ ਜੇ ਓਹ ਨਾ ਸੁਣਨ, ਤਾਂ ਓਹ ਤਲਵਾਰ ਨਾਲ ਨਾਸ਼ ਹੋਣਗੇ, ਅਤੇ ਗਿਆਨ ਤੋਂ ਬਿਨਾ ਮਰਨਗੇ। ਇਹ ਤੀਸਰਾ ਸ਼ਰਤੀਆ ਵਾਕ ਪੀੜਿਤ ਨੂੰ ਪਰਮੇਸ਼ੁਰ ਦੇ ਅਨੁਸ਼ਾਸਨ ਨੂੰ ਰੱਦ ਕਰਨ ਅਤੇ ਗੰਭੀਰ ਰੂਪ ਵਿਚ ਸਜ਼ਾ ਪਾਉਣ ਵਾਲੇ ਦੇ ਰੂਪ ਵਿਚ ਦਰਸਾਉਂਦੀ ਹੈ। ਭਾਵੇਂ ਅਲੀਹੂ ਇਕ ਸਧਾਰਣ ਸੱਚਾਈ ਦੱਸ ਰਿਹਾ ਸੀ, ਪਰ ਇਹ ਸਪੱਸ਼ਟ ਹੈ ਕਿ ਉਹ ਅੱਯੂਬ ਨੂੰ ਉਨ੍ਹਾਂ ਲੋਕਾਂ ਵਿੱਚੋਂ ਇਕ ਮੰਨਦਾ ਸੀ ਜੋ "ਗਿਆਨ ਤੋਂ ਬਿਨਾ ਮਰਨਗੇ।"

ਆਇਤ 13. ਆਇਤ 12 ਦੇ ਪੀੜਿਤ ਨੂੰ ਆਇਤ 13 ਵਿਚ **ਦਿਲ ਦੇ ਨਾਸਤਕ** ਕਿਹਾ ਗਿਆ ਹੈ। ਉਹ ਪਰਮੇਸ਼ੁਰ ਦੇ ਅਨੁਸ਼ਾਸਨ ਦੇ ਪ੍ਰਤੀ ਸਮਰਪਿਤ ਹੋਣ ਦੀ ਬਜਾਇ, **ਕ੍ਰੋਧ** ਦੇ ਨਾਲ ਵਿਦਰੋਹ ਕਰਦੇ ਹਨ ਅਤੇ ਪਰਮੇਸ਼ੁਰ ਦੇ ਅੱਗੇ ਮਦਦ ਲਈ **ਦੁਹਾਈ ਨਹੀਂ ਦਿੰਦੇ।**

ਆਇਤ 14. ਪਰਮੇਸ਼ੁਰ ਤੋਂ ਰਹਿਤ ਲੋਕਾਂ ਦਾ ਜੀਵਨ ਸ਼ਰਮ ਵਿਚ ਖਤਮ ਹੋ ਜਾਂਦਾ ਹੈ,

ਅਤੇ ਉਨ੍ਹਾਂ ਦੇ ਵਿਦਰੋਹ ਦੇ ਕਾਰਣ ਉਨ੍ਹਾਂ ਦੀ ਉਮਰ ਘੱਟ ਜਾਂਦੀ ਹੈ। ਇਹੀ ਸਮਾਂ ਹੈ ਕਿ ਅੱਯੂਬ ਦੀ ਪੁਸਤਕ ਵਿਚ ਸ਼ਬਦ ਦਾ ਅਨੁਵਾਦ **ਮੁੰਡੇ ਬਾਜ਼ਾਂ** קְדֵשִׁים ***(ਕਡੀਸ਼ੀਮ)*** ਦੇ ਰੂਪ ਵਿਚ, ਪੁਸਤਕ ਵਿਚ ਕੀਤਾ ਗਿਆ ਹੈ। ਹਾਲਾਂਕਿ, ਮੁੰਡੇਬਾਜ਼ੀ ਦੀ ਬਿਵਸਥਾ (ਬਿਵਸਥਾ ਸਾਰ 23;17) ਅਤੇ ਨਬੀਆਂ ਦੀਆਂ ਪੁਸਤਕਾਂ (ਹੋਸ਼ੇਆ 4:14) ਵਿਚ ਨਿੰਦਾ ਕੀਤੀ ਗਈ ਹੈ। ਬੁੱਤਪ੍ਰਸਤ ਲੋਕਾਂ ਵਿਚ ਇਸਤਰੀ ਅਤੇ ਪੁਰਸ਼ ਦਾ ਵੇਸਵਾਪਨ ਇਕ ਧਾਰਮਿਕ ਅਭਿਆਸ ਸੀ। ਸਪੱਸ਼ਟ ਤੌਰ ਤੇ ਬਹੁਤ ਸਾਰੇ ਸ਼ਰਧਾਲੂਆਂ ਦੀ ਜਿਨਸੀ ਬੀਮਾਰੀਆਂ ਦੇ ਕਾਰਣ ਮੌਤ ਹੋ ਗਈ ਸੀ।

ਆਇਤ 15. ਉਹ ਦੁਖਿਆਰੇ ਨੂੰ ਉਹ ਦੇ ਦੁਖ ਦੇ ਵਸੀਲੇ ਛੁਡਾਉਂਦਾ ਹੈ, ਅਤੇ ਉਨ੍ਹਾਂ ਦੇ ਕੰਨ ਜ਼ੁਲਮ ਦੇ ਵਸੀਲੇ ਖੋਲ੍ਹ ਦਿੰਦਾ ਹੈ। ਇਹ ਵਾਕ ਉਹੀ ਦੱਸਦਾ ਹੈ ਜੋ ਅਲੀਹੂ ਨੇ 33:16-30 ਵਿਚ ਪਹਿਲਾਂ ਤੋਂ ਹੀ ਕਿਹਾ ਸੀ। "ਦੁਖਿਆਰੇ ਨੂੰ ਉਹ ਦੇ ਦੁਖ ਦੇ ਵਸੀਲੇ" ਨਾਲ ਆਪਣੇ ਦੁੱਖ ਨੂੰ ਵੇਖਣਾ ਅਤੇ ਪਸ਼ਚਾਤਾਪ ਕਰਨਾ ਚਾਹੀਦਾ ਹੈ। ਹੋਮਰ ਹੇਲੀ ਨੇ ਲਿਖਿਆ, "ਉਨ੍ਹਾਂ ਦੇ ਜ਼ੁਲਮ ਦੇ ਵਿਚ ਪਰਮੇਸ਼ੁਰ ਉਨ੍ਹਾਂ ਦੇ ਬਚਾਅ ਦੇ ਸੰਦੇਸ਼ ਨੂੰ ਸੁਣਨ ਦੇ ਲਈ ਉਨ੍ਹਾਂ ਦੇ ਕੰਨ ਖੋਲ੍ਹਦਾ ਹੈ; ਉਹ ਉਨ੍ਹਾਂ ਦੇ ਛੁਟਕਾਰੇ ਦੀ ਕੋਸ਼ਿਸ਼ ਕਰਦਾ ਹੈ, ਨਾ ਕਿ ਉਨ੍ਹਾਂ ਦੀ ਤਬਾਹੀ ਦੀ।"[6]

ਅੱਯੂਬ ਨੂੰ ਪਰਮੇਸ਼ੁਰ ਦੇ ਅੱਗੇ ਝੁਕਣ ਦੀ ਅਪੀਲ (36:16-23)

16ਹਾਂ, ਉਹ ਨੇ ਤੈਨੂੰ ਦੁਖ ਦੇ ਮੂੰਹ ਤੋਂ ਪਰੇਰ ਕੇ ਵੀ ਛੁਡਾਇਆ, ਖੁਲ੍ਹੇ ਥਾਂ ਵਿੱਚ ਜਿੱਥੇ
ਕੋਈ ਤੰਗੀ ਨਹੀਂ ਸੀ, ਅਤੇ ਤੇਰੀ ਮੇਜ਼ ਦੀਆਂ ਰੱਖੀਆਂ ਹੋਈਆਂ ਚੀਜ਼ਾਂ ਚਰਬੀ ਨਾਲ ਭਰੀਆਂ
ਹੋਈਆਂ ਸਨ। 17ਪਰ ਤੂੰ ਦੁਸ਼ਟਾਂ ਦੇ ਫ਼ਤਵੇ ਨਾਲ ਭਰਿਆ ਹੋਇਆ ਹੈਂ, ਫ਼ਤਵਾ ਤੇ ਨਿਆਉਂ
ਤੈਨੂੰ ਫੜਦੇ ਹਨ। 18ਖ਼ਬਰਦਾਰ, ਮਤੇ ਕਹਿਰ ਤੈਨੂੰ ਠੱਠੇ ਲਈ ਪਰੇਰੇ, ਨਾ ਪਰਾਸਚਿਤ ਦੀ
ਬੜਾਈ ਤੈਨੂੰ ਕੁਰਾਹੇ ਪਾਵੇ। 19ਭਲਾ, ਤੇਰੀ ਦੁਹਾਈ ਯਾ ਸ਼ਕਤੀ ਦਾ ਸਾਰਾ ਜ਼ੋਰ ਪਰਬੰਧ
ਕਰੂਗਾ, ਭਈ ਤੂੰ ਦੁਖ ਵਿੱਚ ਨਾ ਪਵੇਂ? 20ਉਸ ਰਾਤ ਲਈ ਨਾ ਲੋਚ, ਜਦ ਲੋਕ ਆਪਣੇ
ਅਸਥਾਨਾਂ ਤੋਂ ਉਤਾਹਾਂ ਜਾਂਦੇ ਹਨ। 21ਚੌਕਸ ਰਹੁ, ਬੁਰਿਆਈ ਵੱਲ ਨਾ ਫਿਰ, ਕਿਉਂ ਜੋ ਤੈਂ
ਏਹ ਨੂੰ ਚੁਣਿਆ ਹੈ, ਨਾ ਕਿ ਮੁਸੀਬਤ ਨੂੰ। 22ਵੇਖ, ਪਰਮੇਸ਼ੁਰ ਆਪਣੀ ਸਮਰੱਥਾ ਨਾਲ
ਸ਼ਾਨਦਾਰ ਕੰਮ ਕਰਦਾ ਹੈ, ਉਹ ਦੇ ਤੁੱਲ ਗੁਰੂ ਕੌਣ ਹੈਗਾ? 23ਕਿਸ ਨੇ ਉਹ ਦੇ ਲਈ ਉਹ
ਦਾ ਰਸਤਾ ਠਹਿਰਾਇਆ, ਯਾ ਕੌਣ ਕਹਿ ਸੱਕਦਾ ਹੈ ਭਈ ਤੈਂ ਬਦੀ ਕੀਤੀ?

ਅਲੀਹੂ, ਅੱਯੂਬ ਦੇ ਨਾਲ ਨਿੱਜੀ ਤੌਰ ਤੇ ਗੱਲ ਕਰਨ ਦੇ ਲਈ ਦੁਸ਼ਟ ਆਦਮੀਆਂ ਦੀ ਦੁਰਦਸ਼ਾ ਦੇ ਆਮ ਬਿਆਨਾਂ ਤੋਂ ਮੁਕਰ ਗਿਆ ਸੀ। ਇਸ ਪੈਰ੍ਹੇ ਵਿਚ ਪੜਨਾਂਵ "ਤੂੰ" ਅਤੇ "ਤੈਨੂੰ" ਇਕ ਵਚਨ ਹਨ। ਅਲੀਹੂ ਨੇ ਅੱਯੂਬ ਨੂੰ ਆਖਰੀ ਅਪੀਲ ਕੀਤੀ ਕਿ ਉਸ ਨੇ ਜੋ ਕੁਝ ਬੁਰਾਈ ਕੀਤੀ ਹੈ ਉਸ ਤੋਂ ਪਸ਼ਚਾਤਾਪ ਕਰੇ ਤਾਂ ਕਿ ਪਰਮੇਸ਼ੁਰ ਉਸ ਨੂੰ ਰਾਜੀ ਕਰ ਸਕੇ।

ਆਇਤ 16. ਅਲੀਹੂ ਨੇ ਦਲੀਲ ਦਿੱਤੀ ਕਿ ਪਰਮੇਸ਼ੁਰ ਅੱਯੂਬ ਨੂੰ ਪਾਪ ਅਤੇ ਮੌਤ ਦੇ ਰਾਹ ਤੋਂ ਬੁਲਾ ਰਿਹਾ ਸੀ। ਸ਼ਬਦ **ਪਰੇਰ ਕੇ** סוּת *(ਸੁਥ)* ਤੋਂ ਹੈ ਅਤੇ ਇਸ ਆਇਤ ਵਿਚ ਇਸ ਦਾ ਇਕ ਸਕਾਰਾਤਮਕ ਅਰਥ ਹੈ; NIV ਬਾਈਬਲ ਇਸ ਸ਼ਬਦ ਦਾ ਅਨੁਵਾਦ "ਲੁਭਾਉਣ" ਦੇ ਰੂਪ ਵਿਚ ਕਰਦੀ ਹੈ। ਪਰ, ਆਇਤ 18 ਵਿਚ *ਸੁਥ* ਸ਼ਬਦ ਫਿਰ ਤੋਂ ਇਕ ਨਕਾਰਾਤਮਕ ਅਰਥ ਨਾਲ ਪਰਗਟ ਹੁੰਦਾ ਹੈ।

ਜੇਕਰ ਅੱਯੂਬ ਨੇ ਪਰਮੇਸ਼ੁਰ ਦੇ ਬੁਲਾਵੇ ਦਾ ਸਹੀ ਹੁੰਗਾਰਾ ਦਿੱਤਾ, ਤਾਂ ਉਹ ਬਿਨਾਂ ਕਿਸੇ ਰੁਕਾਵਟ ਦੇ **ਖੁੱਲ੍ਹੇ ਥਾਂ ਦਾ ਜਿੱਥੇ ਕੋਈ ਤੰਗੀ ਨਹੀਂ ਸੀ** ਅਨੰਦ ਮਾਣੇਗਾ। ਜੌਨ ਈ. ਹਾਰਟਲੀ ਨੇ ਸਮਝਾਇਆ, "ਇਬਰਾਨੀ ਸੋਚ ਵਿਚ ਇਕ ਵਿਸ਼ਾਲ, ਖੁੱਲ੍ਹੀ ਜਗ੍ਹਾ ਬਚਾਅ ਜਾਂ ਖੁਸ਼ਹਾਲੀ

ਦਾ ਪ੍ਰਤੀਕ ਹੈ। ਇਸ ਦੇ ਉਲਟ, ਇਕ ਤੰਗ, ਛੋਟੀ ਜਗ੍ਹਾਂ ਜੋ ਦੁੱਖ, ਜ਼ੁਲਮ ਅਤੇ ਅਸਫਲਤਾ ਨੂੰ ਦਰਸਾਉਂਦੀ ਹੈ।"[7] ਇਹ ਆਜ਼ਾਦੀ "ਬੇੜੀਆਂ ਨਾਲ ਨਰੜੇ ਜਾਣ" ਅਤੇ "ਰੱਸੀਆਂ ਨਾਲ ਬੰਨ੍ਹੇ ਜਾਣ" ਦੇ ਉਲਟ ਹੈ (36:8)। ਅੱਯੂਬ ਦਾ **ਮੇਜ਼ ਚਰਬੀ ਨਾਲ ਭਰੀਆਂ ਚੀਜ਼ਾਂ** ਨਾਲ ਭਰਿਆ ਹੋਵੇਗਾ "ਚਰਬੀ" ਖੁਸ਼ਹਾਲੀ ਦਾ ਪ੍ਰਤੀਕ ਹੈ-ਜਿਵੇਂ ਅੱਯੂਬ ਨੇ ਪੁਸਤਕ ਦੇ ਅਰੰਭ ਵਿਚ ਉਸ ਦਾ ਅਨੰਦ ਲਿਆ ਸੀ। ਸ਼ਾਇਦ ਅਲੀਹੂ ਨੇ ਅੱਯੂਬ ਦੀ ਬਹਾਲੀ ਦੀ ਕਲਪਨਾ ਇਕ ਵੱਡੇ ਘਰ ਦੇ ਮੁਖੀਏ ਦੇ ਰੂਪ ਵਿਚ ਕੀਤੀ ਸੀ, ਜਿਸ ਦੀ ਭੋਜਨ ਦੀ ਬਹੁਤਾਇਤ ਦੇ ਨਾਲ ਇਕ ਮੇਜ਼ਬਾਨ ਦੇ ਰੂਪ ਵਿਚ ਇਕ ਬਹੁਤ ਵੱਡੀ ਦਾਅਵਤ ਵਿਚ ਉਸ ਦੀ ਸੇਵਾ ਕੀਤੀ ਗਈ ਸੀ।

ਆਇਤ 17. ਪਰ ਤੂੰ ਦੁਸ਼ਟਾਂ ਦੇ ਫ਼ਤਵੇ ਨਾਲ ਭਰਿਆ ਹੋਇਆ ਹੈਂ, ਫ਼ਤਵਾ ਤੇ ਨਿਆਉਂ ਤੈਨੂੰ ਫੜਦੇ ਹਨ। ਕਿਰਿਆ "ਭਰਿਆ ਹੋਇਆ" (מָלֵא, *ਮੇਲ)* ਦਾ ਅਨੁਵਾਦ ਅਤੇ ਵਿਆਖਿਆ ਘੱਟੋ-ਘੱਟ ਦੋ ਵੱਖੋ-ਵੱਖ ਤਰੀਕਿਆਂ ਦੇ ਨਾਲ ਕੀਤੀ ਗਈ ਹੈ। NRSV ਅਨੁਵਾਦ ਕਹਿੰਦਾ ਹੈ ਕਿ ਅੱਯੂਬ "ਦੁਸ਼ਟ ਲੋਕਾਂ ਦੇ ਮਾਮਲੇ ਵਿਚ *ਗ੍ਰਸਤ* " ਸੀ, ਜਿਸ ਨੇ ਉਸ ਦੀ ਸ਼ਿਕਾਇਤ ਦਾ ਜ਼ਿਕਰ ਕਰਦਿਆਂ ਕਿਹਾ ਕਿ ਉਹ ਅਕਸਰ ਸਜ਼ਾ ਰਹਿਤ ਰਹਿੰਦੇ ਹਨ। ਇਸ ਦੇ ਉਲਟ, NIV ਬਾਈਬਲ ਕਹਿੰਦੀ ਹੈ ਕਿ ਅੱਯੂਬ "ਦੁਸ਼ਟਾਂ ਦੇ ਫ਼ਤਵੇ ਨਾਲ *ਭਰਿਆ ਹੋਇਆ"* ਸੀ, ਅਰਥਾਤ, ਉਹ ਸਭ ਤੋਂ ਪਹਿਲਾਂ ਪਰਮੇਸ਼ੁਰ ਦੀ ਸਜ਼ਾ ਦਾ ਅਨੁਭਵ ਕਰ ਰਿਹਾ ਸੀ। ਇਹ ਭਾਵਨਾ ਦੂਸਰੀ ਪੰਗਤੀ ਵਿਚ ਵਿਅਕਤ ਕੀਤੀ ਗਈ ਹੈ: "ਫ਼ਤਵਾ ਤੇ ਨਿਆਉਂ ਤੈਨੂੰ ਫੜਦੇ ਹਨ।"

ਆਇਤ 18. ਖ਼ਬਰਦਾਰ, ਮਤੇ ਕਹਿਰ ਤੈਨੂੰ ਠੱਠੇ ਲਈ ਪਰੇਰੇ, ਨਾ ਪਰਾਸਚਿਤ ਦੀ ਬੜਾਈ ਤੈਨੂੰ ਕੁਰਾਹੇ ਪਾਵੇ। ਇਹ ਚਿਤਾਵਨੀ ਅੱਯੂਬ ਦੇ ਉਸ ਗੁੱਸੇ ਦਾ ਸੰਕੇਤ ਦੇ ਸਕਦੀ ਹੈ ਜੋ ਉਸ ਦੇ ਮਿੱਤਰਾਂ ਦੇ ਵਿਹਾਰ ਦੇ ਕਾਰਨ ਅਤੇ ਪਰਮੇਸ਼ੁਰ ਦੇ ਉਸ ਤੋਂ ਦੂਰ ਹੋਣ ਦੇ ਕਾਰਨ ਸੀ। ਸ਼ਬਦ "ਠੱਠੇ" (סָפַק, *ਸਾਪਾਕ)* ਦਾ ਸ਼ਾਬਦਿਕ ਅਰਥ ਹੈ ਮਖ਼ੌਲ ਕਰਦਿਆਂ ਤਾੜੀ ਵਜਾਉਣਾ (27:23; 34:37)।

ਨਾ ਪਰਾਸਚਿਤ ਦੀ ਬੜਾਈ ਤੈਨੂੰ ਕੁਰਾਹੇ ਪਾਵੇ। ਸ਼ਬਦ "ਬੜਾਈ" (כֹּפֶר, *ਕੋਪਰ)* ਅੱਯੂਬ ਦੀ ਪੁਸਤਕ ਵਿਚ ਇਕ ਹੋਰ ਵਾਰ ਦਿਖਾਈ ਦਿੰਦਾ ਹੈ (33:24 ਤੇ ਟਿੱਪਣੀਆਂ ਵੇਖੋ)। ਇਸ ਸ਼ਬਦ ਦਾ ਅਨੁਵਾਦ "ਵੱਢੀ" ਵੀ ਹੋ ਸਕਦੀ ਹੈ (1 ਸਮੂਏਲ 12:3; ਆਮੋਸ 5:12) ਅਤੇ ਇੱਥੇ ਇਹ ਧਾਰਣਾ ਹੋ ਸਕਦੀ ਹੈ (ਵੇਖੋ NEB; TEV; NIV; NJPSV; NLT)। ਕਥਨ ਦਾ ਸਹੀ ਅਰਥ ਸਪੱਸ਼ਟ ਨਹੀਂ ਹੈ।

ਆਇਤ 19. ਅੱਯੂਬ ਦੀ ਦੌਲਤ ਨਿਸ਼ਚਤ ਤੌਰ ਤੇ ਉਸ ਦੇ ਦੁੱਖ ਨੂੰ ਰੋਕਣ ਦੇ ਲਈ ਕਾਫ਼ੀ ਨਹੀਂ ਸੀ। **ਸ਼ਕਤੀ** ਦੀ ਬਜਾਇ, ਕੁਝ שׁוּעַ *(ਸ਼ੂਆ)* ਦਾ ਅਨੁਵਾਦ "ਸਹਾਇਤਾ ਲਈ ਇਕ ਪੁਕਾਰ" ਦੇ ਰੂਪ ਵਿਚ ਕਰਦੇ ਹਨ (ਵੇਖੋ ASV; TEV; NRSV)। NASB ਅਨੁਵਾਦ 30:24 ਵਿਚ ਇਸ ਸ਼ਬਦ ਨੂੰ ਇਸ ਤਰੀਕੇ ਨਾਲ ਪੇਸ਼ ਕਰਦਾ ਹੈ। ਇਸ ਮਾਮਲੇ ਵਿਚ, ਅੱਯੂਬ ਦੀਆਂ ਸਾਰੀਆਂ ਦੁਹਾਈਆਂ (ਅਤੇ ਸ਼ਿਕਾਇਤਾਂ) ਉਸ ਨੂੰ ਬਚਾ ਨਾ ਸਕੀਆਂ।

ਆਇਤ 20. ਉਸ ਰਾਤ ਲਈ ਨਾ ਲੋਚ, ਜਦ ਲੋਕ ਆਪਣੇ ਅਸਥਾਨਾਂ ਤੋਂ ਉਤਾਹਾਂ ਜਾਂਦੇ ਹਨ। ਅੱਯੂਬ ਨੂੰ ਸਮੇਂ ਤੋਂ ਪਹਿਲਾਂ ਮੌਤ ਦੀ ਇੱਛਾ ਨਹੀਂ ਕਰਨੀ ਚਾਹੀਦੀ ਸੀ ਜਿਵੇਂ ਉਸ ਨੇ ਅਧਿਆਇ 3 ਵਿਚ ਕੀਤਾ ਸੀ। ਸ਼ਬਦ "ਉਤਾਹਾਂ" (עָלָה, *ਅਲਾਹ)* ਦਾ ਸ਼ਾਬਦਿਕ ਅਰਥ "ਉੱਪਰ ਜਾਣਾ" ਹੈ।

ਆਇਤ 21. ਚੌਕਸ ਰਹੁ, ਬੁਰਿਆਈ ਵੱਲ ਨਾ ਫਿਰ, ਕਿਉਂ ਜੋ ਤੈਂ ਏਹ ਨੂੰ ਚੁਣਿਆ ਹੈ, ਨਾ ਕਿ ਮੁਸੀਬਤ ਨੂੰ। ਪਹਿਲੀ ਪੰਗਤੀ ਦਾ ਹੋਰ ਵੀ ਵਧੇਰੇ ਸ਼ਾਬਦਿਕ ਰੂਪ ਨਾਲ ਅਨੁਵਾਦ ਕੀਤਾ ਜਾ ਸਕਦਾ ਹੈ "ਚੌਕਸ ਰਹੁ, ਬੁਰਿਆਈ ਵੱਲ ਨਾ ਫਿਰ।" ਅਲੀਹੂ ਨੇ ਇਲਜ਼ਾਮ

ਲਗਾਇਆ ਕਿ ਅੱਯੂਬ ਨੇ ਬੁਰਿਆਈ ਨੂੰ "ਤਰਜੀਹ" (בָּחַר, *ਬਚੁਰ)* ਦਿੱਤੀ ਜਾਂ "ਚੁਣਿਆ" ਸੀ।[8]

ਆਇਤ 22. ਬ੍ਰਹਿਮੰਡ ਦੇ ਰਚਨਹਾਰੇ ਅਤੇ ਪਾਲਣਹਾਰੇ ਦੇ ਰੂਪ ਵਿਚ ਕੋਈ ਵੀ ਉਸ ਨਾਲ ਤੁਲਨਾ ਨਹੀਂ ਕਰ ਸਕਦਾ ਹੈ। ਸ਼ਬਦ ਜਿਸ ਦਾ ਅਨੁਵਾਦ **ਸਮਰੱਥਾ**, כֹּחַ *(ਕੋਚ)*, ਅੱਯੂਬ ਦੀ ਪੁਸਤਕ ਦੇ ਲੇਖਕ ਦਾ ਮਨਪਸੰਦ ਸ਼ਬਦ ਹੈ। ਇਹ ਇਸ ਅਧਿਆਇ ਵਿਚ ਤਿੰਨ ਵਾਰ ਵਰਤਿਆ ਗਿਆ ਹੈ (36:5, 19, 22)।

ਉਹ ਦੇ ਤੁੱਲ ਗੁਰੂ ਕੌਣ ਹੈਗਾ? ਉੱਤਰ ਹੈ "ਕੋਈ ਨਹੀਂ!" ਪਰਮੇਸ਼ੁਰ ਨੂੰ ਗੁਰੂ ਦੇ ਰੂਪ ਵਿਚ ਦਰਸਾ ਕੇ, ਅਲੀਹੂ ਉਸ ਦੇ ਸੁਧਾਰਾਤਮਕ ਨਿਰਦੇਸ਼ ਅਤੇ ਅਨੁਸ਼ਾਸਨ ਪ੍ਰਾਪਤ ਕਰਨ ਦੇ ਲਈ ਅੱਯੂਬ ਨੂੰ ਚਿਤਾਵਨੀ ਦਿੱਤੀ ਸੀ। ਯਸਾਯਾਹ ਨੇ ਵੀ ਪਰਮੇਸ਼ੁਰ ਨੂੰ ਆਪਣੇ ਲੋਕਾ ਦੇ "ਗੁਰੂ" ਦੇ ਰੂਪ ਵਿਚ ਦਰਸਾਇਆ ਹੈ (ਯਸਾਯਾਹ 30:20)।

ਆਇਤ 23. ਕਿਸ ਨੇ ਉਹ ਦੇ ਲਈ ਉਹ ਦਾ ਰਸਤਾ ਠਹਿਰਾਇਆ, ਯਾ ਕੌਣ ਕਹਿ ਸੱਕਦਾ ਹੈ ਭਈ ਤੈਂ ਬਦੀ ਕੀਤੀ? ਇਨ੍ਹਾਂ ਪ੍ਰਸ਼ਨਾਂ ਦੇ ਦੁਆਰਾ, ਅਲੀਹੂ ਅੱਯੂਬ ਨੂੰ ਕਹਿ ਰਿਹਾ ਸੀ ਕਿ ਉਹ ਨੂੰ ਆਪਣੇ ਦੁੱਖਾਂ ਦੇ ਲਈ ਪਰਮੇਸ਼ੁਰ ਦੀ ਆਲੋਚਨਾ ਨਹੀਂ ਕਰਨੀ ਚਾਹੀਦੀ ਸੀ, ਸਗੋਂ ਨਿਰਮਤਾ ਨਾਲ ਇਸ ਨੂੰ ਸਵੀਕਾਰ ਕਰੋ ਅਤੇ ਇਸ ਤੋਂ ਸਿੱਖੋ।

ਪਰਮੇਸ਼ੁਰ ਦੇ ਕੰਮ ਨੂੰ ਪਛਾਣਨ ਦੀ ਅਪੀਲ (36:24-33)

24ਚੇਤੇ ਕਰ ਕਿ ਤੂੰ ਉਹ ਦੇ ਕਰਤੱਬ ਦੀ ਵਡਿਆਈ ਕਰੇਂ, ਜਿਹ ਨੂੰ ਮਨੁੱਖ ਗਾਉਂਦੇ ਹਨ। 25ਸਾਰੇ ਆਦਮੀਆਂ ਨੇ ਉਹ ਨੂੰ ਡਿੱਠਾ, ਮਨੁੱਖ ਉਹ ਨੂੰ ਦੂਰੋਂ ਤੱਕਦਾ ਹੈ। 26ਵੇਖ, ਪਰਮੇਸ਼ੁਰ ਮਹਾਨ ਹੈਗਾ ਅਤੇ ਅਸੀਂ ਉਹ ਨੂੰ ਨਹੀਂ ਜਾਣਦੇ, ਉਹ ਦੇ ਵਰਿਹਾਂ ਦੀ ਗਿਣਤੀ ਸਮਝ ਤੋਂ ਪਰੇ ਹੈ। 27ਉਹ ਤਾਂ ਪਾਣੀ ਦੀਆਂ ਬੂੰਦਾਂ ਉਤਾਹਾਂ ਖਿੱਚਦਾ ਹੈ, ਜਿਹੜੀਆਂ ਉਹ ਦੀ ਭਾਫ ਤੋਂ ਮੀਂਹ ਬਣ ਕੇ ਵਰ੍ਹਦੀਆਂ ਹਨ, 28ਜਿਨ੍ਹਾਂ ਨੂੰ ਬੱਦਲ ਡੋਹਲਦੇ ਹਨ, ਅਤੇ ਓਹ ਆਦਮੀ ਉੱਤੇ ਬਹੁਤਾਇਤ ਨਾਲ ਟਪਕਦੀਆਂ ਹਨ। 29ਭਲਾ, ਕੋਈ ਘਟਾਂ ਦਾ ਫੈਲਾਓ ਸਮਝ ਸੱਕਦਾ ਹੈ, ਉਹ ਦੇ ਮੰਡਪ ਦੀਆਂ ਗਰਜਾਂ ਬੀ? 30ਵੇਖ, ਉਹ ਉਸ ਉੱਤੇ ਆਪਣਾ ਚਾਨਣ ਫੈਲਾਉਂਦਾ ਹੈ, ਅਤੇ ਸਮੁੰਦਰ ਦੀਆਂ ਜੜ੍ਹਾਂ ਨੂੰ ਕੱਜਦਾ ਹੈ। 31ਉਹ ਤਾਂ ਇਨ੍ਹਾਂ ਦੇ ਰਾਹੀਂ ਲੋਕਾਂ ਦਾ ਇਨਸਾਫ਼ ਕਰਦਾ ਹੈ, ਉਹ ਵਾਫ਼ਰੀ ਨਾਲ ਭੋਜਨ ਦਿੰਦਾ ਹੈ। 32ਉਹ ਆਪਣਾ ਹੱਥ ਬਿਜਲੀ ਨਾਲ ਕੱਜਦਾ ਹੈ, ਅਤੇ ਉਹ ਨੂੰ ਹੁਕਮ ਦਿੰਦਾ ਕਿ ਉਹ ਵਿਰੋਧੀ ਨੂੰ ਮਾਰੇ। 33ਉਹ ਦੀ ਕੜਕ ਉਹ ਦੀ ਖ਼ਬਰ ਦਿੰਦੀ ਹੈ, ਪਸ਼ੂ ਵੀ ਉਹ ਦੀ ਚੜ੍ਹਤ ਦੀ ਖ਼ਬਰ ਦਿੰਦੇ ਹਨ।

ਆਇਤ 24. ਚੇਤੇ ਕਰ ਕਿ ਤੂੰ ਉਹ ਦੇ ਕਰਤੱਬ ਦੀ ਵਡਿਆਈ ਕਰੇਂ, ਜਿਹ ਨੂੰ ਮਨੁੱਖ ਗਾਉਂਦੇ ਹਨ। ਪੁਰਾਣੇ ਸਮੇਂ ਵਿਚ ਜ਼ਬੂਰ ਲਿਖਣ ਵਾਲਿਆਂ ਅਤੇ ਕਵੀਆਂ ਨੇ ਪਰਮੇਸ਼ੁਰ ਦੇ ਅਸਚਰਜ ਕੰਮਾਂ ਦੇ ਗੀਤ ਗਾਏ। ਜ਼ਬੂਰ 19 ਇਸ ਕਿਸਮ ਦੇ ਗੀਤ ਦੇ ਉਦਾਹਰਣ ਵਜੋਂ ਕੰਮ ਕਰਦਾ ਹੈ:

> ਅਕਾਸ਼ ਪਰਮੇਸ਼ੁਰ ਦੀ ਮਹਿਮਾ ਦਾ ਵਰਨਣ ਕਰਦੇ ਹਨ, ਅਤੇ ਅੰਬਰ ਉਸ ਦੀ ਦਸਤਕਾਰੀ ਵਿਖਾਲਦਾ ਹੈ। ਦਿਨ ਰਾਤ ਨਾਲ ਬੋਲੀ ਬੋਲਦਾ ਹੈ, ਅਤੇ ਰਾਤ ਰਾਤ ਨੂੰ ਗਿਆਨ ਦੱਸਦੀ ਹੈ। ਉਨ੍ਹਾਂ ਦੀ ਨਾ ਕੋਈ ਬੋਲੀ ਹੈ ਨਾ ਸ਼ਬਦ ਹਨ, ਨਾ ਉਨ੍ਹਾਂ ਦੀ ਅਵਾਜ਼ ਸੁਣੀਦੀ ਹੈ। ਸਾਰੀ ਧਰਤੀ ਵਿੱਚ ਉਨ੍ਹਾਂ ਦੀ ਤਾਰ ਪਹੁੰਚਦੀ ਹੈ, ਅਤੇ ਸੰਸਾਰ ਦੀਆਂ ਹੱਦਾਂ ਤੀਕੁਰ ਉਨ੍ਹਾਂ ਦੇ ਬੋਲ। ਉਨ੍ਹਾਂ ਵਿੱਚ ਉਸ ਦੇ ਸੂਰਜ ਲਈ ਡੇਰਾ ਲਾਇਆ ਹੈ, ਜਿਹੜੇ ਲਾੜੇ ਵਾਂਙੁ ਆਪਣੀ ਕੋਠੜੀ

ਵਿੱਚੋਂ ਨਿੱਕਲਦਾ ਹੈ, ਅਤੇ ਸੂਰਮੇ ਵਾਂਙੁ ਆਪਣੇ ਚੱਕਰ ਵਿੱਚ ਦੌੜ ਲਾ ਕੇ ਖੁਸ਼ ਹੁੰਦਾ ਹੈ। ਅਕਾਸ਼ਾਂ ਦੇ ਇੱਕ ਸਿਰੇ ਤੋਂ ਉਸ ਦਾ ਚੜ੍ਹਨਾ ਹੈ, ਅਤੇ ਉਸ ਦਾ ਦੌਰ ਉਨ੍ਹਾਂ ਦੇ ਦੂਜੇ ਸਿਰੇ ਤੀਕੁਰ ਹੈ, ਅਤੇ ਉਸ ਦੀ ਗਰਮੀ ਤੋਂ ਕੋਈ ਚੀਜ਼ ਲੁਕੀ ਨਹੀਂ ਰਹਿੰਦੀ (ਜ਼ਬੂਰ 19:1-6)।

ਅਲੀਹੂ ਚਾਹੁੰਦਾ ਸੀ ਕਿ ਅੱਯੂਬ ਆਪਣੀਆਂ ਮੁਸ਼ਕਲਾਂ ਬਾਰੇ ਸ਼ਿਕਾਇਤ ਕਰਨ ਦੀ ਬਜਾਇ ਪਰਮੇਸ਼ੁਰ ਦੇ ਅਸਚਰਜ ਕੰਮਾਂ ਲਈ ਪਰਮੇਸ਼ੁਰ ਦੀ ਉਸਤਤ ਕਰੇ।

ਆਇਤ 25. ਸ੍ਰਿਸ਼ਟੀ ਦੀ ਸ਼ਾਨ ਮਨੁੱਖਤਾ ਦੇ ਲਈ ਪਰਮੇਸ਼ੁਰ ਦੀ ਮਹਾਨਤਾ ਦੀ ਗਵਾਹੀ ਦਿੰਦੀ ਹੈ। ਪੌਲੁਸ ਨੇ ਲਿਖਿਆ, "ਕਿਉਂਕਿ ਜਗਤ ਦੇ ਉਤਪਤ ਹੋਣ ਤੋਂ ਉਹ ਦਾ ਅਣਡਿੱਠ ਸੁਭਾਉ ਅਰਥਾਤ ਉਹ ਦੀ ਅਨਾਦੀ ਸਮਰੱਥਾ ਅਤੇ ਈਸ਼ੁਰਤਾਈ ਉਹ ਦੀ ਰਚਨਾ ਤੋਂ ਚੰਗੀ ਤਰਾਂ ਦਿੱਸ ਪੈਂਦੀ ਹੈ।" (ਰੋਮੀਆਂ 1:20)।

ਆਇਤ 26. ਵੇਖ, ਪਰਮੇਸ਼ੁਰ ਮਹਾਨ ਹੈਗਾ ਅਤੇ ਅਸੀਂ ਉਹ ਨੂੰ ਨਹੀਂ ਜਾਣਦੇ, ਉਹ ਦੇ ਵਰਿਹਾਂ ਦੀ ਗਿਣਤੀ ਸਮਝ ਤੋਂ ਪਰੇ ਹੈ। ਅਲੀਹੂ ਪਰਮੇਸ਼ੁਰ ਦੇ ਨਿਆਂ ਤੋਂ ਉਸ ਦੀ ਸਮਝਦਾਰੀ ਵੱਲ ਮੁੜਿਆ। ਪਰ, ਐਂਡਰਸਨ ਨੇ ਚਿਤਾਵਨੀ ਦਿੱਤੀ ਕਿ ਇੱਥੇ ਖਤਰਾ ਹੈ: "ਅਤੁੱਲ ਗਿਆਨ ਵਿੱਚ ਨਿਰਣੈ ਨਿਆਂ ਤੋਂ ਪਨਾਹ ਲੈਣਾ ਪਰਮੇਸ਼ੁਰ ਨੂੰ ਭੇਦ ਦੇ ਬੱਦਲ ਵਿਚ ਛੁਪਾਉਣ ਤੋਂ ਇਲਾਵਾ ਹੋਰ ਕੁਝ ਨਹੀਂ ਹੋ ਸਕਦਾ ਹੈ।"[9] ਅਸੀਂ ਜਾਣਦੇ ਹਾਂ ਕਿ ਸੀਮਿਤ ਮਨੁੱਖਜਾਤੀ ਕਦੀ ਵੀ ਪਰਮੇਸ਼ੁਰ ਨੂੰ ਪੂਰੀ ਤਰ੍ਹਾਂ ਨਹੀਂ ਜਾਣ ਸਕਦੀ। ਪਰ ਅਸੀਂ ਜਾਣ ਸਕਦੇ ਹਾਂ ਕਿ ਉਹ ਸਾਨੂੰ ਪਿਆਰ ਕਰਦਾ ਹੈ ਅਤੇ ਅਸੀਂ ਇਕ ਰਿਸ਼ਤਾ ਜੋੜ ਸਕਦੇ ਹਾਂ। ਸਾਨੂੰ ਇਹ ਅਹਿਸਾਸ ਹੈ ਕਿ ਸੀਮਿਤ ਮਨੁੱਖਜਾਤੀ ਕਦੀ ਵੀ ਪਰਮੇਸ਼ੁਰ ਨੂੰ ਪੂਰੀ ਰੀਤੀ ਨਾਲ ਨਹੀਂ "ਜਾਣ" ਸਕਦੀ, ਪਰ ਅਸੀਂ "ਜਾਣ" ਸਕਦੇ ਹਾਂ ਕਿ ਉਹ ਸਾਨੂੰ ਪਿਆਰ ਕਰਦਾ ਹੈ ਅਤੇ ਅਸੀਂ ਉਸ ਦੇ ਨਾਲ ਇਕ ਰਿਸ਼ਤੇ ਵਿਚ ਪ੍ਰਵੇਸ਼ ਕਰ ਸਕਦੇ ਹਾਂ।

ਆਇਤਾਂ 27, 28. ਇਨ੍ਹਾਂ ਆਇਤਾਂ ਵਿਚ, ਅਲੀਹੂ ਨੇ ਪਰਮੇਸ਼ੁਰ ਦੀ ਦਿਆਲੂਤਾ ਦਾ ਵਰਣਨ ਸ਼ੁਰੂ ਕੀਤਾ ਜਿਵੇਂ ਕੁਦਰਤ ਵਿਚ ਵੇਖਿਆ ਜਾਂਦਾ ਹੈ ਜੋ ਅਧਿਆਇ 37 ਵਿਚ ਜਾਰੀ ਹੈ। ਪਹਿਲਾ, **ਪਾਣੀ** ਨੂੰ ਧਰਤੀ ਤੋਂ ਲਿਆ ਜਾਂਦਾ ਹੈ ਅਤੇ ਫਿਰ **ਭਾਫ਼ ਤੋਂ ਮੀਂਹ ਬਣ ਕੇ ਵਰ੍ਹਦੀਆਂ ਹਨ**। ਧਰਤੀ ਉੱਤੇ ਮੀਂਹ ਨੂੰ ਪਰਮੇਸ਼ੁਰ ਦੀ ਬਰਕਤ ਦੇ ਰੂਪ ਵਿਚ ਵੇਖਿਆ ਗਿਆ ਸੀ। ਇਸ ਦਾ ਰੁਕਣਾ ਪਰਮੇਸ਼ੁਰ ਦੀ ਨਰਾਜ਼ਗੀ ਦਾ ਸੰਕੇਤ ਦੇ ਸਕਦਾ ਸੀ, ਜਿਵੇਂ ਏਲੀਯਾਹ ਦੀ ਕਹਾਣੀ ਵਿਚ ਹੈ (1 ਰਾਜਿਆਂ 17; 18; ਯਾਕੂਬ 5:17, 18)।

ਆਇਤਾਂ 29, 30. ਰੂਪਕ ਨੂੰ ਇਕ ਹੋਰ ਤੂਫ਼ਾਨ ਦੇ ਨਾਲ ਵਿਕਸਤ ਕੀਤਾ ਗਿਆ ਹੈ। **ਭਲਾ, ਕੋਈ ਘਟਾਂ ਦਾ ਫੈਲਾਓ ਸਮਝ ਸੱਕਦਾ ਹੈ, ਉਹ ਦੇ ਮੰਡਪ ਦੀਆਂ ਗਰਜਾਂ ਬੀ?** ਅਤੇ **ਉਸ ਦੇ ਚਾਨਣ ਦਾ ਫੈਲ** [ਣਾ] ਇਹ ਸਭ ਪਰਮੇਸ਼ੁਰ ਦੀ ਅਸੀਮ ਸ਼ਕਤੀ ਨੂੰ ਦਰਸਾਉਂਦੇ ਹਨ। ਦੁਰਲੱਭ ਸ਼ਬਦ "ਗਰਜ਼ਾਂ" (תְּשֻׁאָה, *ਥੇਸ਼ੂਅਹ)* ਆਮ ਤੌਰ ਤੇ "ਇੱਕ ਵੱਡੀ ਆਵਾਜ਼" (ਵੇਖੋ KJV) ਨੂੰ ਦਰਸਾਉਂਦਾ ਹੈ; ਸੰਦਰਭ ਦਰਸਾਉਂਦਾ ਹੈ ਕਿ ਇਹ "ਗਰਜ" ਅਸਮਾਨ ਤੋਂ ਸੀ। ਹੋਰਨਾਂ ਹਵਾਲਿਆਂ ਵਿਚ ਪਰਮੇਸ਼ੁਰ ਨੂੰ ਬੱਦਲਾਂ ਤੇ ਸਵਾਰ ਹੋਣ ਵਾਲੇ ਦੇ ਰੂਪ ਵਿਚ ਦਰਸਾਇਆ ਗਿਆ ਹੈ (ਜ਼ਬੂਰ 104:3; ਯਸਾਯਾਹ 19:1)। ਇਸ ਮਾਮਲੇ ਵਿਚ, "ਬੱਦਲ" ਉਸ ਦੇ "ਮੰਡਪ" ਵਜੋਂ ਕੰਮ ਕਰਦੇ ਹਨ। ਸ਼ਬਦ "ਮੰਡਪ," סֻכָּה *(ਸੁੱਕਾਹ)* ਦਾ ਅਨੁਵਾਦ, ਅਕਸਰ "ਬੂਥ" ਭਾਵ "ਅਸਥਾਈ ਪਨਾਹ"[10] ਹੁੰਦਾ ਹੈ। ਆਪਣੇ ਨਿਵਾਸ ਤੋਂ, ਪਰਮੇਸ਼ੁਰ "ਬਿਜਲੀ" ਭੇਜਦਾ ਹੈ। ਵਾਕ **ਸਮੁੰਦਰ ਦੀਆਂ ਜੜ੍ਹਾਂ ਨੂੰ ਕੱਜਦਾ ਹੈ** ਦੋ ਤਰੀਕਿਆਂ ਦੇ ਨਾਲ ਸਮਝਿਆ ਗਿਆ ਹੈ। TEV ਬਾਈਬਲ ਕਹਿੰਦੀ ਹੈ, "ਸਮੁੰਦਰ ਦੀ ਗਹਿਰਾਈ ਵਿਚ ਹਨੇਰਾ ਰਹਿੰਦਾ ਹੈ।" ਪਰ, NLT ਅਨੁਵਾਦ ਕਹਿੰਦਾ ਹੈ ਕਿ ਬਿਜਲੀ "ਸਮੁੰਦਰ ਦੀਆਂ ਗਹਿਰਾਈਆਂ ਨੂੰ ਚਮਕਾਉਂਦੀ ਹੈ" (ਵੇਖੋ

CEV; NCV)। ਦੂਜੇ ਸ਼ਬਦਾਂ ਵਿਚ, ਪਰਮੇਸ਼ੁਰ ਇਕ ਛੋਟੇ ਸਮੇਂ ਦੇ ਲਈ ਇਨ੍ਹਾਂ ਸਥਾਨਾਂ ਨੂੰ "ਢੱਕਦਾ" ਹੈ।

ਆਇਤ 31. ਪਰਮੇਸ਼ੁਰ ਮੌਸਮ ਉੱਤੇ ਆਪਣੇ ਰੱਬੀ ਇਖ਼ਤਿਆਰ ਦੇ ਦੁਆਰਾ **ਇਨਸਾਫ਼ ਕਰਦਾ ਹੈ।** ਉਹ ਸ਼ਾਂਤ ਮੀਂਹ ਭੇਜ ਕੇ ਵੀ ਬਰਕਤ ਦਿੰਦਾ ਹੈ ਜੋ ਫ਼ਸਲਾਂ ਦੇ ਉੱਗਣ ਵਿਚ ਮਦਦ ਕਰਦਾ ਹੈ, ਜਿਸ ਨਾਲ **ਲੋਕਾਂ** ਨੂੰ **ਵਾਫ਼ਰੀ ਨਾਲ ਭੋਜਨ** ਦਿੰਦਾ ਹੈ (ਵੇਖੋ ਰਸੂਲਾਂ ਦੇ ਕਰਤੱਬ 14:17)।

ਆਇਤ 32. ਪਰਮੇਸ਼ੁਰ ਹਿੰਸਕ ਤੂਫ਼ਾਨ ਭੇਜ ਕੇ ਸਜ਼ਾ ਦਿੰਦਾ ਹੈ। ਉਸ ਨੂੰ **ਬਿਜਲੀ** ਦੇ ਬੋਲਟਾਂ ਨੂੰ ਸੁੱਟਣ ਵਾਲੇ ਦੇ ਰੂਪ ਵਿਚ ਦਰਸਾਇਆ ਗਿਆ ਹੈ, ਜੋ ਉਸ ਦੇ ਨਿਸ਼ਾਨਿਆਂ ਤੇ ਬਹੁਤ ਹੀ ਸਟੀਕਤਾ ਦੇ ਨਾਲ ਮਾਰਦਾ ਹੈ। ਇਹ ਕਲਪਨਾ ਰਾਸ ਸ਼ਮਰਾ ਵਿੱਚ ਪਾਏ ਜਾਣ ਵਾਲੇ "ਬਿਜਲੀ ਦੇ ਬਾਲ" ਸਟੇਲ ਤੇ ਦਿਖਾਈ ਗਈ ਹੈ। ਇਕ ਪ੍ਰਜਨਨ ਦੇਵਤਾ ਅਤੇ ਤੂਫ਼ਾਨ ਦੇ ਦੇਵਤੇ ਦੇ ਰੂਪ ਵਿਚ, ਬਾਲ ਨੇ ਆਪਣੇ ਖੱਬੇ ਹੱਥ ਵਿਚ ਬਿਜਲੀ ਦੀ ਲਿਸ਼ਕ ਰੱਖਦਾ ਹੈ ਜੋ ਇਕ ਭਾਲੇ ਦੀ ਨੋਕ ਵਿਚ ਬਦਲ ਜਾਂਦੀ ਹੈ।[11]

ਆਇਤ 33. ਉਹ ਦੀ ਕੜਕ ਉਹ ਦੀ ਖ਼ਬਰ ਦਿੰਦੀ ਹੈ, ਪਸ਼ੂ ਵੀ ਉਹ ਦੀ ਚੜ੍ਹਤ ਦੀ ਖ਼ਬਰ ਦਿੰਦੇ ਹਨ। ਇਸ ਆਇਤ ਦਾ ਅਸਲੀ ਅਨੁਵਾਦ ਵਿਵਾਦ ਵਾਲਾ ਹੈ। NASB ਦਾ ਭਾਵ ਇਹ ਹੈ ਕਿ ਜ਼ੋਰਦਾਰ ਗਰਜ਼ ਆਉਣ ਵਾਲੇ ਤੂਫ਼ਾਨ ਵਿਚ ਪਰਮੇਸ਼ੁਰ ਦੇ "ਹਾਜ਼ਰ ਹੋਣ" ਦਾ ਇਸ਼ਾਰਾ ਕਰਦਾ ਹੈ। ਇਸ ਤੋਂ ਇਲਾਵਾ, "ਪਸ਼ੂਆਂ" ਦਾ ਵਿਹਾਰ ਵੀ ਦਰਸਾਉਂਦਾ ਹੈ ਕਿ ਤੂਫ਼ਾਨ ਆ ਰਿਹਾ ਹੈ। ਇਸ ਤੋਂ ਇਲਾਵਾ, "ਪਸ਼ੂ" ਦਾ ਵਿਹਾਰ ਵੀ ਇਸ ਗੱਲ ਨੂੰ ਦਰਸਾ ਸਕਦਾ ਹੈ ਕਿ ਤੂਫ਼ਾਨ ਆ ਰਿਹਾ ਹੈ। "ਪਸ਼ੂ" ਦੇ ਹਵਾਲੇ ਦੀ ਬਜਾਇ, ਕੁਝ ਸੰਸਕਰਣ ਤੂਫ਼ਾਨ ਨੂੰ ਰੱਬ ਦੇ "ਕ੍ਰੋਧ" ਦੀ ਖਬਰ ਦਿੰਦੇ ਹਨ (NEB; NJB; NRSV; NJPSV; CEV; NLT)।

ਐਲਡਨ ਨੇ ਤੂਫ਼ਾਨ ਦੇ ਵਿਸ਼ੇ ਵਿਚ 36:27-33 ਦੇ ਮੁੱਖ ਵਿਚਾਰ ਨੂੰ ਸੰਖੇਪ ਵਿਚ ਪੇਸ਼ ਕੀਤਾ ਹੈ:

> ਮੌਸਮ ਨੂੰ ਨਿਯੰਤਰਿਤ ਕਰਕੇ ਪਰਮੇਸ਼ੁਰ ਦੁਨੀਆਂ ਅਤੇ ਉਸ ਦੇ ਨਿਵਾਸੀਆਂ ਤੇ ਆਪਣਾ ਰਾਜ ਸਥਾਪਤ ਕਰਦਾ ਹੈ। ਨੂਹ ਦੀ ਜਲ ਪਰਲੋ ਤੋਂ ਲੈ ਕੇ ਪਰਕਾਸ਼ ਦੀ ਪੋਥੀ ਦੀਆਂ ਘਾਤਕ ਘਟਨਾਵਾਂ ਤੱਕ, ਪਰਮੇਸ਼ੁਰ ਆਪਣੇ ਉਦੇਸ਼ਾਂ ਨੂੰ ਪੂਰਾ ਕਰਨ ਦੇ ਲਈ ਮੀਂਹ ਜਾਂ ਗਰਮੀ ਵਿਚ ਹੇਰ ਫੇਰ ਕਰਦਾ ਹੈ। ਅੱਜ ਦੇ ਦਿਨ ਤੱਕ ਮੌਸਮ ਦੇ ਵਿਸ਼ੇ ਵਿਚ ਇਕ ਨਿਸ਼ਚਤ ਰਹੱਸ ਹੈ ਜੋ ਲੋਕਾਂ ਨੂੰ ਡਰਾਉਂਦਾ ਹੈ।[12]

ਪ੍ਰਾਸੰਗਿਕਤਾ

ਰੱਬੀ ਰਾਜ: ਤੂਫਾਨ ਦਾ ਪਰਮੇਸ਼ੁਰ (36:24-33)

ਅਲੀਹੂ ਨੇ ਯਹੋਵਾਹ ਨੂੰ ਤੂਫਾਨ ਦੇ ਪਰਮੇਸ਼ੁਰ ਦੇ ਰੂਪ ਵਿਚ ਦਿਖਾਇਆ। ਉਹ ਉਹ ਹੈ ਜੋ ਬੱਦਲਾਂ ਨੂੰ ਫੈਲਾਉਣ ਅਤੇ ਮੀਂਹ ਨੂੰ ਭੇਜਣ ਲਈ ਜ਼ਿੰਮੇਵਾਰ ਹੈ। ਉਹ ਅਕਾਸ਼ਾਂ ਨੂੰ ਬਿਜਲੀ ਦੀਆਂ ਪ੍ਰਭਾਵਸ਼ਾਲੀ ਗਰਜਾਂ ਨਾਲ ਚਮਕਾਉਂਦਾ ਹੈ ਅਤੇ ਗਰਜ ਦੀਆਂ ਗਰਜਾਂ ਨਾਲ ਧਰਤੀ ਨੂੰ ਹਿਲਾਉਂਦਾ ਹੈ। ਉਹ ਤੂਫਾਨ ਨੂੰ ਉਨ੍ਹਾਂ ਲੋਕਾਂ ਦਾ ਨਿਆਂ ਕਰਨ ਲਈ ਵਰਤਦਾ ਹੈ ਜਿਨ੍ਹਾਂ ਨੂੰ ਉਸ ਨੇ ਬਣਾਇਆ ਹੈ। ਉਸ ਦੀਆਂ ਕੋਮਲ ਬਾਰਸ਼ਾਂ ਇਕ ਬਰਕਤ ਹਨ ਕਿਉਂਕਿ ਉਹ ਫਸਲਾਂ ਨੂੰ ਵਧਣ ਵਿਚ ਮਦਦ ਕਰਦੀਆਂ ਹਨ ਅਤੇ ਬਹੁਤ ਸਾਰਾ ਭੋਜਨ ਪ੍ਰਦਾਨ ਕਰਦੀਆਂ ਹਨ। ਉਸ ਦੀ ਭਿਆਣਕ ਬਿਜਲੀ ਇਕ ਸਰਾਪ ਹੈ ਜੋ ਇਸ ਦੇ ਨਿਸ਼ਾਨੇ ਨੂੰ ਮਾਰਦੀ ਹੈ। ਅਲੀਹੂ ਦਾ

ਮੌਸਮ ਉੱਤੇ ਪਰਮੇਸ਼ੁਰ ਦੇ ਨਿਯੰਤਰਣ ਬਾਰੇ ਵਰਣਨ ਉਸ ਨਾਲ ਸਹਿਮਤ ਹੈ ਜੋ ਅਸੀਂ ਬਾਕੀ ਦੇ ਪੁਰਾਣੇ ਨੇਮ ਤੋਂ ਸਿੱਖਦੇ ਹਾਂ (ਉਦਾਹਰਣ ਲਈ, ਜ਼ਬੂਰਾਂ 29; 77)।

ਨਵੇਂ ਨੇਮ ਵਿਚ, ਯਿਸੂ ਨੇ ਤੂਫਾਨ ਨੂੰ ਸ਼ਾਂਤ ਕਰਕੇ ਆਪਣੀ ਈਸ਼ਰਵਤਾ ਨੂੰ ਪ੍ਰਦਰਸ਼ਿਤ ਕੀਤਾ। ਜਦੋਂ ਉਹ ਆਪਣੇ ਚੇਲਿਆਂ ਨਾਲ ਇਕ ਕਿਸ਼ਤੀ ਵਿਚ ਸੀ, ਗਲੀਲ ਦੀ ਝੀਲ ਉੱਤੇ ਇਕ ਵੱਡੀ ਅਨ੍ਹੇਰੀ ਵਗੀ। ਹਵਾਵਾਂ ਇੰਨੀਆਂ ਤੇਜ਼ ਸਨ ਕਿ ਉਹ ਕਿਸ਼ਤੀ ਨੂੰ ਡੁਬਾ ਰਹੀਆਂ ਸਨ। ਡਰੇ ਹੋਏ ਚੇਲਿਆਂ ਨੇ ਜਦੋਂ ਯਿਸੂ ਨੂੰ ਨੀਂਦ ਤੋਂ ਜਗਾਇਆ ਤਾਂ ਯਿਸੂ ਨੇ ਤੂਫਾਨ ਨੂੰ ਇਹ ਕਹਿ ਕੇ ਸ਼ਾਂਤ ਕਰ ਦਿੱਤਾ ਕਿ "ਚੁੱਪ ਕਰ ਥੰਮ੍ਹ ਜਾਹ!" (ਮਰਕੁਸ 4:39; NIV)।

ਪੌਲੁਸ ਨੇ ਤੂਫਾਨ ਉੱਤੇ ਪਰਮੇਸ਼ੁਰ ਦੇ ਨਿਯੰਤਰਣ ਦੀ ਵਰਤੋਂ ਉਸ ਦੀ ਦਯਾ ਅਤੇ ਵਫ਼ਾਦਾਰੀ ਦੀ ਗਵਾਹੀ ਵਜੋਂ ਕੀਤੀ - ਭਾਵੇਂ ਕਿ ਬਹੁਤ ਸਾਰੇ ਲੋਕਾਂ ਨੇ ਉਸ ਨੂੰ ਰੱਦ ਕਰ ਦਿੱਤਾ ਸੀ ਅਤੇ ਝੂਠੇ ਦੇਵਤਿਆਂ ਦੀ ਪੂਜਾ ਕੀਤੀ ਸੀ। ਪੌਲੁਸ ਨੇ ਲੁਸਤ੍ਰਾ ਵਿਚ ਉਨ੍ਹਾਂ ਗੈਰ-ਯਹੂਦੀਆਂ ਨੂੰ ਜਿਨ੍ਹਾਂ ਨੇ ਉਸ ਦੀ ਅਤੇ ਬਰਨਬਾਸ ਦੀ ਪੂਜਾ ਕਰਨ ਦੀ ਕੋਸ਼ਿਸ਼ ਕੀਤੀ ਸੀ ਕਿਹਾ,

> ਅਸੀਂ ਭੀ ਤੁਹਾਡੇ ਵਾਂਙੁ ਦੁਖ ਸੁਖ ਭੋਗਣ ਵਾਲੇ ਮਨੁੱਖ ਹਾਂ ਅਤੇ ਤੁਹਾਨੂੰ ਇਹ ਖੁਸ਼ ਖਬਰੀ ਦਾ ਉਪਦੇਸ਼ ਦਿੰਦੇ ਹਾਂ ਭਈ ਇਨ੍ਹਾਂ ਵਿਰਥੀਆਂ ਗੱਲਾਂ ਤੋਂ ਲਾਂਭੇ ਹੋ ਕੇ ਜੀਉਂਦੇ ਪਰਮੇਸ਼ੁਰ ਦੀ ਵੱਲ ਮੁੜੋ ਜਿਹ ਨੇ ਅਕਾਸ਼ ਅਤੇ ਧਰਤੀ ਅਤੇ ਸਮੁੰਦਰ ਅਤੇ ਸੱਭੋ ਕੁਝ ਜੋ ਉਨ੍ਹਾਂ ਦੇ ਵਿੱਚ ਹੈ ਬਣਾਇਆ। ਉਸ ਨੇ ਅਗਲਿਆਂ ਸਮਿਆਂ ਵਿੱਚ ਸਾਰੀਆਂ ਕੌਮਾਂ ਨੂੰ ਆਪੋ ਆਪਣੇ ਰਾਹ ਉੱਤੇ ਚੱਲਣ ਦਿੱਤਾ। ਤਾਂ ਭੀ ਉਹ ਨੇ ਆਪ ਨੂੰ ਬਿਨਾ ਸਾਖੀ ਨਾ ਰੱਖਿਆ ਇਸ ਲਈ ਜੋ ਉਹ ਨੇ ਭਲਾ ਕੀਤਾ ਅਰ ਅਕਾਸ਼ ਤੋਂ ਵਰਖਾ ਅਤੇ ਫਲ ਦੇਣ ਵਾਲੀਆਂ ਰੁੱਤਾਂ ਤੁਹਾਨੂੰ ਦੇ ਕੇ ਤੁਹਾਡਿਆਂ ਮਨਾਂ ਨੂੰ ਅਹਾਰ ਅਤੇ ਅਨੰਦ ਨਾਲ ਭਰਪੂਰ ਕੀਤਾ (ਰਸੂਲਾਂ ਦੇ ਕਰਤੱਬ 14:15-17)।

ਪਰਮੇਸ਼ੁਰ ਉਨ੍ਹਾਂ ਨੂੰ ਵੀ ਬਰਕਤ ਦਿੰਦਾ ਹੈ ਜਿਨ੍ਹਾਂ ਨੇ ਉਸ ਦੇ ਵਿਰੁੱਧ ਬਗਾਵਤ ਕੀਤੀ ਹੈ! ਯਿਸੂ ਨੇ, "ਉਹ ਆਪਣਾ ਸੂਰਜ ਬੁਰਿਆਂ ਅਤੇ ਭਲਿਆਂ ਉੱਤੇ ਚਾੜ੍ਹਦਾ ਹੈ ਅਤੇ ਧਰਮੀਆਂ ਅਤੇ ਕੁਧਰਮੀਆਂ ਉੱਤੇ ਮੀਂਹ ਵਰਸਾਉਂਦਾ ਹੈ" (ਮੱਤੀ 5:45)।

ਸਾਡੇ ਪੱਛਮੀ ਸੱਭਿਆਚਾਰ ਵਿਚ ਬਹੁਤ ਘੱਟ ਲੋਕ ਤੂਫਾਨ ਨੂੰ ਇਕ ਝੂਠੇ ਦੇਵਤਾ (ਰਵਾਇਤੀ ਅਰਥ ਵਿਚ) ਦੇ ਨਾਵੇਂ ਲਾਉਣਗੇ। ਪਰ, ਕਈਆਂ ਨੇ ਅਜੇ ਵੀ ਪਰਮੇਸ਼ੁਰ ਨੂੰ ਉਸ ਦੀ ਰੱਬੀ ਮਹਿਮਾ ਤੋਂ ਲੁੱਟ ਲਿਆ ਹੈ। ਜਦੋਂ ਵੀ ਅਸੀਂ ਮੌਸਮ ਬਾਰੇ ਸੁਣਦੇ ਹਾਂ, ਆਮ ਤੌਰ ਤੇ ਇਸ ਦੀ ਸੋਭਾ "ਪ੍ਰਕਿਰਤੀ ਮਾਂ" ਨੂੰ ਦਿੰਦੇ ਹਨ। ਜੇਕਰ ਕੋਈ ਨਹੀਂ ਤਾਂ ਮੌਸਮ ਦੀ ਭਵਿੱਖਬਾਣੀ ਕਰਨ ਵਾਲੇ ਕੁਝ ਲੋਕ "ਪਿਤਾ ਪਰਮੇਸ਼ੁਰ" ਦਾ ਜ਼ਿਕਰ ਕਰਦੇ ਹਨ। ਪ੍ਰਵਿਰਤੀ ਵਿਗਿਆਨ ਨੂੰ ਇਕ ਦੇਵਤਾ ਵਜੋਂ ਉੱਚਾ ਕਰਨਾ ਹੈ। ਅਸੀਂ ਜਲ ਚੱਕਰ ਅਤੇ ਬੱਦਲ ਦੇ ਨਿਰਮਾਣਾਂ ਬਾਰੇ ਦੱਸ ਸਕਦੇ ਹਾਂ। ਮੌਸਮ ਵਿਗਿਆਨੀ ਅੰਦਾਜ਼ਾ ਲਗਾ ਸਕਦੇ ਹਨ ਕਿ ਅਗਲੇ ਦਿਨ (ਜਾਂ ਹਫ਼ਤੇ) ਮੌਸਮ ਗਰਮ ਰਹੇਗਾ ਜਾਂ ਠੰਡਾ, ਧੁੱਪ ਲੱਗੇਗੀ ਜਾਂ ਮੀਂਹ ਪਵੇਗਾ, ਮੌਸਮ ਹਲਕਾ ਜਾਂ ਨਮੀ ਵਾਲਾ ਰਹੇਗਾ - ਹਾਲਾਂਕਿ ਉਨ੍ਹਾਂ ਦੀਆਂ ਭਵਿੱਖਬਾਣੀਆਂ ਨਿਸ਼ਚਤ ਨਹੀਂ ਹਨ। ਉਹ ਗੰਭੀਰ ਮੌਸਮ ਦੇ ਨਮੂਨਿਆਂ ਦਾ ਵੀ ਪਤਾ ਲਗਾ ਸਕਦੇ ਹਨ ਅਤੇ ਲੋਕਾਂ ਨੂੰ ਸੰਭਾਵਤ ਤੂਫ਼ਾਨਾਂ, ਹਨੇਰੀਆਂ, ਹੜ੍ਹਾਂ ਅਤੇ ਬਰਫੀਲੇ ਝੱਖੜਾਂ ਬਾਰੇ ਚਿਤਾਵਨੀ ਦੇ ਸਕਦੇ ਹਨ। ਇਹ ਵਿਗਿਆਨ ਮਨੁੱਖਾਂ ਦੇ ਲਈ ਇਕ ਮਹਾਨ ਸੇਵਾ ਹੈ ਅਤੇ ਇਸ ਨੇ ਬਹੁਤ ਸਾਰੀਆਂ ਜਾਨਾਂ ਬਚਾਈਆਂ ਹਨ। ਪਰ, ਬਹੁਤ ਸਾਰੇ ਲੋਕ ਮੌਸਮ ਦੇ ਪਿੱਛੇ ਪਰਮੇਸ਼ੁਰ ਨੂੰ ਭੁੱਲ ਚੁੱਕੇ ਹਨ। ਹਾਲਾਂਕਿ ਅਸੀਂ ਇਸ ਦਾ ਅਨੁਮਾਨ ਲਗਾਉਣ ਅਤੇ ਇਸ ਦਾ ਪਤਾ ਲਗਾਉਣ ਵਿਚ ਯੋਗ ਹੋ ਸਕਦੇ ਹਾਂ, ਅਸੀਂ ਇਸ ਨੂੰ ਨਿਯੰਤਰਣ ਕਰਨ ਦੇ ਯੋਗ ਕਦੇ ਨਹੀਂ ਹੋਵਾਂਗੇ। ਤੂਫਾਨ ਦਾ ਸਿਰਫ ਇਕ ਹੀ ਪਰਮੇਸ਼ੁਰ ਹੈ - ਅਤੇ ਉਹ ਸਾਡੀ ਉਸਤਤ ਦੇ ਯੋਗ ਹੈ।

ਡੀ. ਸਟੀਵਰਟ

ਟਿੱਪਣੀਆਂ

[1]ਰੌਬਰਟ ਐਲ. ਐਲਡਨ, *ਅੱਯੂਬ*, ਦ ਨਿਊ ਟੈਸਟਾਮੈਂਟ ਕਮੈਂਟਰੀ (ਐੱਨ.ਪੀ.: ਬਰੋਡਮੈਨ ਐਂਡ ਹੋਲਮੈਨ ਪਬਲਿਸ਼ਰਜ਼, 1993), 347. [2]ਫ੍ਰਾਂਸਿਸ ਆਈ. ਐਂਡਰਸਨ, *ਅੱਯੂਬ, ਐਨ ਇੰਟਰੋਡਕਸ਼ਨ ਐਂਡ ਕਮੈਂਟਰੀ*, ਟਿੰਡੇਲ ਓਲਡ ਟੈਸਟਾਮੈਂਟ ਕਮੈਂਟਰੀਜ਼ (ਡਾਊਨਰਸ ਗਰੋਵ, ਇਲੀਨੋਇਸ: ਇੰਟਰ-ਵਰਸਿਟੀ ਪ੍ਰੈਸ, 1974), 258. [3]ਜੌਨ ਈ. ਹਾਰਟਲੀ, *ਦ ਬੁਕ ਆਫ਼ ਅੱਯੂਬ*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦਿ ਓਲਡ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1988), 468. [4]ਐਲਡਨ, 348. [5]ਉਸੇ ਸਥਾਨ ਤੇ, 349. [6]ਹੋਮਰ ਹੇਲੀ, *ਏ ਕਮੈਂਟਰੀ ਆਨ ਅੱਯੂਬ* (ਐੱਨ.ਪੀ.: ਰੀਲੀਜੀਅਸ ਸਪਲਾਈ, ਇੰਕ., 1994), 313. [7]ਹਾਰਟਲੀ, 473-74. [8]ਲੁਡਵਿਗ ਕੋਹਲਰ ਅਤੇ ਵਾਲਟਰ ਬਾਉਮਗਾਰਟਨਰ, *ਦ ਹਿਬਰਿਊ ਐਂਡ ਅਰਾਮਿਕ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ*, ਅਧਿਐਨ ਸੰਸਕਰਣ, ਅਨੁਵਾਦ ਅਤੇ ਸੰਪਾਦਨ ਐਮ. ਈ. ਜੇ. ਰਿਚਰਡਸਨ (ਬੋਸਟਨ: ਬਰਿੱਲ, 2001), 1:119-20. [9]ਐਂਡਰਸਨ, 262. [10]ਫ੍ਰਾਂਸਿਸ ਬਰਾਊਨ, ਐਸ. ਆਰ. ਡ੍ਰਾਈਵਰ ਅਤੇ ਚਾਰਲਸ ਏ. ਬਰਿੱਗਸ, *ਏ ਹਿਬਰਿਊ ਐਂਡ ਇੰਗਲਿਸ਼ ਲੈਕਸੀਕਨ ਆਫ਼ ਦਿ ਓਲਡ ਟੈਸਟਾਮੈਂਟ* (ਔਕਸਫੋਰਡ: ਕਲੈਰਨਡਨ ਪ੍ਰੈਸ, 1968), 697.

[11]ਕਰਟ ਗਰਹਾਰਡ ਜੰਗ, "ਬਆਲ," *ਦਿ ਇੰਟਰਨੈਸ਼ਨਲ ਸਟੈਂਡਰਡ ਬਾਈਬਲ ਇਨਸਾਇਕਲੋਪੀਡੀਆ*, ਸੋਧਿਆ ਅੰਕ, ਸੰਪਾ. ਜੀਓਫਰੀ ਡਬਲਿਯੂ ਬਰੋਮਿਲੀ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਰਡਮੈਂਸ ਪਬਲਿਸ਼ਿੰਗ ਕੰਪਨੀ, 1979), 1:377. [12]ਐਲਡਨ, 358.